# ਫਿਰਕੂ ਹਿੰਸਾ ਅਤੇ ਸਰਕਾਰੀ ਦਹਿਸ਼ਤਗਰਦੀ

ਗੁਜਰਾਤ ਦੇ ਇਕ ਆਈ.ਜੀ. ਰੈਂਕ ਦੇ ਆਈ.ਪੀ.ਐਸ ਅਫਸਰ ਸੰਜੀਵ ਭੱਟ ਨੇ ਸੁਪ੍ਰੀਮ ਕੋਰਟ ਵਿਚ ਹਲਫ਼ਨਾਮਾ ਦਾਇਰ ਕੀਤਾ ਹੈ। ਇਸ ਹਲਫ਼ਨਾਮੇ ਵਿਚ ਉਸਨੇ ਕਿਹਾ ਹੈ ਕਿ ਗੁਜਰਾਤ ਦੇ ਮੁੱਖ ਮੰਤ੍ਰੀ ਨਰੇਂਦਰ ਮੋਦੀ ਨੇ ਸਤਾਈ ਫਰਵਰੀ 2002 ਵਿਚ ਆਪਣੇ ਘਰ ਕੀਤੀ ਮੀਟਿੰਗ ਵਿਚ ਪੁਲੀਸ ਨੂੰ ਹਿਦਾਇਤ ਦਿਤੀ ਸੀ ਕਿ ਇਸ ਵੇਲੇ ਹਿੰਦੂਆਂ ਵਿਚ ਬਹੁਤ ਰੋਹ ਤੇ ਗੁੱਸਾ ਹੈ। ਗੋਧਰਾ ਵਿਚ ਟਰੇਨ ਵਿਚ ਅੱਗ ਨਾਲ ਕਾਰ-ਸੇਵਕਾਂ ਦੇ ਸੜ ਕੇ ਮਰ ਜਾਣ ਨਾਲ ਉਨ੍ਹਾਂ ਦੇ ਜਜ਼ਬਾਤ ਸੁਲਗਦੇ ਹਨ। ਇਸ ਲਈ ਪੁਲੀਸ ਨੂੰ ਹਿੰਦੂਆਂ ਨੂੰ ਆਪਣਾ ਗੁੱਸਾ ਕੱਢ ਲੈਣ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ।

ਸੰਨ 2002 ਵਿਚ ਅਠਾਈ ਫਰਵਰੀ ਤੋਂ ਲੈ ਕੇ ਤਿੰਨ ਮਾਰਚ ਤੱਕ ਗੁਜਰਾਤ ਵਿਚ ਦਹਿਸ਼ਤਗਰਦੀ ਦਾ ਨੰਗਾ ਨਾਚ ਚੱਲਦਾ ਰਿਹਾ ਸੀ। ਹਜ਼ਾਰਾਂ ਮੁਸਲਮਾਨਾਂ ਦਾ ਕਤਲਾਮ ਇਨ੍ਹਾਂ ਦਿਨਾਂ ਵਿਚ ਕੀਤਾ ਗਿਆ ਅਤੇ ਸਭ ਜਾਣਦੇ ਹਨ ਕਿ ਇਹ ਕਤਲ ਰਿਆਸਤ ਦੇ ਅਦਾਰਿਆਂ ਦੀ ਮਦਦ ਨਾਲ ਹੀ ਕੀਤੇ ਕਰਵਾਏ ਗਏ ਸੀ।

ਸੁਪ੍ਰੀਮ ਕੋਰਟ ਨੇ ਇਸ ਮਾਮਲੇ ਦੀ ਜਾਂਚ ਪੜਤਾਲ ਕਰਨ ਲਈ ਇਕ ਸਪੈਸ਼ਲ ਤਫ਼ਤੀਸ਼ੀ ਟੀਮ ਕਾਇਮ ਕੀਤੀ ਹੋਈ ਹੈ। ਨਰੇਂਦਰ ਮੋਦੀ ਨੇ ਇਸ ਟੀਮ ਨੂੰ ਕਿਹਾ ਹੈ ਕਿ ਉਸਦੇ ਘਰ ਹੋਈ ਮੀਟਿੰਗ ਵਿਚ ਸੰਜੀਵ ਭੱਟ ਮੌਜੂਦ ਨਹੀਂ ਸੀ। ਗੁਜਰਾਤ ਪੁਲੀਸ ਦੇ ਉਸ ਵੇਲੇ ਦੇ ਮੁੱਖੀ ਚੱਕਰਵਰਤੀ ਨੇ ਵੀ ਕਿਹਾ ਹੈ ਕਿ ਉਸ ਮੀਟਿੰਗ ਵਿਚ ਸੰਜੀਵ ਭੱਟ ਮੌਜੂਦ ਨਹੀਂ ਸੀ ਕਿਉਂਕਿ ਉਹ ਉਸ ਵੇਲੇ ਬਹੁਤ ਛੋਟੇ ਰੈਂਕ ਦਾ ਅਫਸਰ ਸੀ ਅਤੇ ਇਹ ਮੀਟਿੰਗ ਸਿਰਫ਼ ਵੱਡੇ ਅਫਸਰਾਂ ਦੇ ਨਾਲ ਹੀ ਸੀ। ਪਰ ਸੰਜੀਵ ਭੱਟ ਦੇ ਡਰਾਈਵਰ ਨੇ ਕਿਹਾ ਹੈ ਕਿ ਉਹ ਸੰਜੀਵ ਭੱਟ ਨੂੰ ਉਸ ਵੇਲੇ ਦੇ ਡੀ.ਜੀ.ਪੀ ਦੀ ਕਾਰ ਵਿਚ ਛੱਡ ਕੇ ਡੀ.ਜੇ.ਪੀ ਦੀ ਕਾਰ ਦੇ ਪਿੱਛੇ ਪਿੱਛੇ ਮੁੱਖ ਮੰਤ੍ਰੀ ਦੇ ਘਰ ਗਿਆ ਸੀ ਅਤੇ ਸੰਜੀਵ ਭੱਟ ਡੀ.ਜੀ.ਪੀ ਨਾਲ ਮੁੱਖ ਮੰਤ੍ਰੀ ਦੇ ਘਰ ਇਕੱਠੇ ਹੀ ਗਏ ਸੀ। ਕਾਂਗਰਸ ਪਾਰਟੀ ਨੇ ਸੰਜੀਵ ਭੱਟ ਦੇ ਇਸ ਹਲਫ਼ਨਾਮੇ ਬਾਰੇ ਬਹੁਤ ਰੌਲਾ ਪਾਇਆ ਹੈ। ਸੀ.ਪੀ.ਆਈ (ਐਮ) ਦੇ ਜਨਰਲ ਸਕੱਤਰ ਪ੍ਰਕਾਸ਼ ਕਰਾਤ ਨੇ ਵੀ ਬਿਆਨਬਾਜ਼ੀ ਕਰਦਿਆਂ ਕਿਹਾ ਹੈ ਕਿ ਨਰੇਂਦਰ ਮੋਦੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਫਿਰਕੂ ਹਿੰਸਾ ਅਤੇ ਸਰਕਾਰੀ ਦਹਿਸ਼ਤਗਰਦੀ ਦੀ ਵਰਤੋਂ ਕਰਨ ਵਾਲਾ ਸਿਰਫ਼ ਨਰੇਂਦਰ ਮੋਦੀ ਜਾਂ ਭਾਜਪਾ ਹੀ ਨਹੀਂ। ਗੁਜਰਾਤ ਵਿਚ ਕਾਂਗਰਸ ਨੇ ਆਪ ਵੀ ਸੱਠਵੇਂ ਅਤੇ ਸੱਤ੍ਰਵੇਂ ਦੇ ਦਹਾਕਿਆਂ ਵਿਚ ਕਈ ਫਿਰਕੂ ਕਤਲਾਮ ਜਥੇਬੰਦ ਕੀਤੇ ਸੀ। 1984 ਵਿਚ ਦਿੱਲੀ ਅਤੇ ਹੋਰਨਾਂ ਥਾਂਵਾਂ ਤੇ ਹਜ਼ਾਰਾਂ ਸਿੱਖਾਂ ਦੇ ਕਤਲ ਵੀ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਜਥੇਬੰਦ ਕੀਤੇ ਸੀ ਅਤੇ ਅੱਜ ਤੀਕ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲੀ। ਇਸੇ ਤਰ੍ਹਾਂ ਸੀ.ਪੀ.ਆਈ(ਐਮ) ਦੀ ਸਰਕਾਰ ਨੇ ਵੀ ਹੀ ਹਜ਼ਾਰਾਂ ਨੌਜਵਾਨਾਂ ਦੇ ਕਤਲ ਬੰਗਾਲ ਵਿਚ ਸੱਤਰਵੇ ਦੇ ਦੇ ਦਹਾਕੇ ਵਿਚ ਕੀਤੇ ਸਨ ਅਤੇ ਹਾਲ ਹੀ ਵਿਚ ਨੰਦੀਗਰਾਮ ਅਤੇ ਸਿੰਗੂਰ ਵਿਚ ਇਸ ਸਰਕਾਰ ਨੇ ਬੇਗੁਨਾਹ ਕਿਸਾਨਾਂ ਦੇ ਕਤਲ ਕੀਤੇ ਹਨ।

ਹਾਕਮ ਟੋਲੇ ਦੀਆਂ ਇਹ ਸਾਰੀਆਂ ਹੀ ਪਾਰਟੀਆਂ ਆਪਣੇ ਸੌੜੇ ਹਿਤਾਂ ਅਤੇ ਹਾਕਮ ਟੋਲੇ ਦਾ ਰਾਜ ਬਰਕਰਾਰ ਰੱਖਣ ਲਈ ਲੋਕਾਂ ਦੇ ਕਤਲ ਕਰਨ ਵਿਚ ਕੋਈ ਗੁਰੇਜ਼ ਨਹੀਂ ਕਰਦੀਆਂ। ਗੁਜਰਾਤ ਵਿਚ ਸੰਨ 2002 ਦੇ ਮੁਸਲਮਾਨਾਂ ਦੇ ਕਤਲ ਵਿਚ ਕਾਂਗਰਸ ਦੇ ਵਰਕਰ ਵੀ ਵਿਸ਼ਵ ਹਿੰਦੂ ਪਰੀਸ਼ਦ ਅਤੇ ਬਜਰੰਗ ਦਲ ਦੇ ਗੁੰਡਿਆਂ ਨਾਲ ਰਲ ਕੇ ਲੋਕਾਂ ਤੇ ਹਮਲੇ ਕਰ ਰਹੇ ਸੀ। ਇਕ ਸਾਬਕਾ ਪਾਰਲੀਮੈਂਟ ਦੇ ਮੈਂਬਰ ਇਹਸਾਨ ਜਾਫਰੀ ਦੇ ਘਰ ਜਦ ਗੁੰਡਿਆਂ ਨੇ ਅੱਗ ਲਾਈ, ਜਿਸ ਵਿਚ ਉਹ ਮਾਰਿਆ ਗਿਆ ਸੀ, ਉਸ ਵੇਲੇ ਕਾਂਗਰਸ ਪਾਰਟੀ ਵਾਲਿਆਂ ਨੇ ਵੀ ਉਹਦੀ ਕੋਈ ਮਦਦ ਨਹੀਂ ਸੀ ਕੀਤੀ ਹਾਲਾਂਕਿ ਉਹ ਖ਼ੁਦ ਕਾਂਗਰਸ ਪਾਰਟੀ ਦਾ ਐਮ ਪੀ ਰਿਹਾ ਸੀ। ਉਹ ਆਪਣੀ ਪਾਰਟੀ ਅਤੇ ਪੁਲੀਸ ਦੀਆਂ ਮਿੰਨਤਾਂ ਕਰਦਾ ਕਰਦਾ ਸੜ ਕੇ ਮਰ ਗਿਆ ਪਰ ਕਿਸੇ ਨੇ ਵੀ ਮੱਦਦ ਨਹੀਂ ਕੀਤੀ।

ਹਿੰਦੁਸਤਾਨ ਵਿਚ ਫਿਰਕੂ ਤਸ਼ੱਦਦ ਅਤੇ ਕਤਲਾਮ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਰਿਆਸਤ ਦੇ ਅਦਾਰਿਆਂ ਨੇ ਹੀ ਕਰਵਾਏ ਹਨ। 1947 ਦੀ ਵੰਡ ਦੇ ਬਾਅਦ ਵੀ ਇਹ ਤਸ਼ੱਦਦ ਅਤੇ ਜ਼ੁਲਮ ਰਿਆਸਤ ਦੇ ਅਦਾਰੇ ਅਤੇ ਸਿਆਸੀ ਪਾਰਟੀਆਂ ਹੀ ਕਰਵਾਉਂਦੇ ਆਏ ਹਨ। ਭਾਵੇ ਸਿੱਖਾਂ ਦਾ ਕਤਲਾਮ ਹੋਵੇ ਜਾਂ ਮੁਸਲਮਾਨਾਂ ਦਾ, ਨੌਜਵਾਨਾਂ ਅਤੇ ਸਿਆਸੀ ਕਾਰਕੁਨਾਂ ਦਾ, ਇਹ ਸਭ ਰਿਆਸਤ ਅਤੇ ਸਰਕਾਰ ਹੀ ਕਰਾਉਂਦੇ ਹਨ। ਫਿਰਕੂ ਤਸ਼ੱਦਦ ਦੀ ਇਕ ਵੀ ਵਾਰਦਾਤ ਇਹੋ ਜਿਹੀ ਨਹੀਂ ਜਿਸ ਵਿਚ ਇਨ੍ਹਾਂ ਦਾ ਹੱਥ ਨਾ ਰਿਹਾ ਹੋਵੇ। ਹਾਕਮ ਟੋਲੇ ਨੂੰ ਇਹ ਢੰਗ ਬਹੁਤ ਰਾਸ ਆਉਂਦਾ ਹੈ। ਇਸ ਕਰਕੇ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਹਿੰਦੁਸਤਾਨ ਦੇ ਵੱਡੇ ਸਰਮਾਏਦਾਰ ਟਾਟਾ, ਬਿਰਲਾ, ਅੰਬਾਨੀ ਅਤੇ ਹੋਰ ਨਰੇਂਦਰ ਮੋਦੀ ਦੀ ਬਹੁਤ ਹੀ ਤਾਰੀਫ਼ ਕਰਦੇ ਹਨ।